9058 G.579

# ਦੋ ਕੁ ਗੱਲਾਂ

ਮਹਿੰਦਰ ਸਿੰਘ ਮੇਰੇ ਮਿਤਰ ਸਰਦਾਰ ਬ੍ਰਿਜਿੰਦਰ ਸਿੰਘ ਜੀ ਮਹੰਤ ਮੂਲ ਸਿੰਘ ਜੀ, ਬੀ. ਏ.) ਦਾ ਹੋਨਹਾਰ ਸਪੁੱਤਰ ਹੈ। ਰਦਾਰ ਜੀ ਪੰਜਾਬੀ ਤੇ ਅੰਗਰੇਜ਼ੀ ਦੋਹਾਂ ਜ਼ਬਾਨਾਂ ਦੇ ਮਾਹਿਰ ਸਨ। ਨ੍ਹਾਂ ਦੀ ਗੂੜ੍ਹੀ ਖੋਜ ਤੇ ਵਿਦਵਤਾ ਦਾ ਸਿੱਟਾ ਉਨ੍ਹਾਂ ਦਾ ਅੰਗਰੇਜ਼ੀ ਕਾ ਜਾਪ ਸਾਹਿਬ ਦਾ ਸੀ। ਮੈਨੂੰ ਬੜੀ ਖੁਸ਼ੀ ਹੈ ਕਿ ਉਨ੍ਹਾਂ ਦੇ ਤਨਿਆਂ ਉਤੇ ਚਲਨ ਵਾਲਾ ਉਨ੍ਹਾਂ ਦਾ ਜਾਇਆ ਪੰਜਾਬੀ ਸਾਹਿੱਤ ਸੇਵਾ ਦੇ ਮੈਦਾਨ ਵਿਚ ਕੁੱਦ ਪਿਆ ਹੈ। ਅਜੇ ਇਸ ਦੀ ਉਮਰ ਸਾਂ ਅਠਾਰਾਂ ਸਾਲ ਦੀ ਹੈ, ਪਰ ਅੰਗਰੇਜ਼ੀ ਅਤੇ ਪੰਜਾਬੀ ਦੀ ਹੁਤ ਸਾਰੀ ਸਾਹਿਤ ਵਿੱਚੋਂ ਲੰਘ ਚੁੱਕਿਆ ਹੈ, ਅਤੇ ਆਪਣੀ ਪਜਾਊ ਬੁੱਧੀ ਦੁਆਰਾ ਕਈ ਛੋਟੀਆਂ ਮੋਟੀਆਂ ਰਚਨਾਵਾਂ ਕਰਦਾ ਇਆ ਹੁਣ ਇਕ ਨਾਵਲ ਲਿਖ ਕੇ ਪਬਲਕ ਦੇ ਸਾਹਮਣੇ ਹਾਜ਼ਰ ਇਆ ਹੈ। ਮੈਂ ਇਸ ਨੂੰ ਪੰਜਾਬੀ ਸਾਹਿਤਜ ਦੇ ਰਸ ਮਾਨਣ ਲਿਆਂ ਵੱਲੋਂ ਬੜੇ ਪਿਆਰ ਨਾਲ 'ਜੀ ਆਇਆਂ ਨੂੰ' ਖਦਾ ਹਾਂ।

ਲਿਖਾਰੀ ਅਜੇ ਨੌਜਵਾਨ ਹੈ, ਪਰ ਹਰਾਨੀ ਇਸ ਗੱਲ ਦੀ ਕਿ ਕਿਵੇਂ ਪਹਿਲੇ ਹੱਲੇ ਵਿਚ ਹੀ ਨਾਵਲ-ਨਵੀਸੀ ਦੇ ਮਦਾਨ ਚ ਇਤਨਾ ਅਗਾਹਾਂ ਲੰਘ ਗਿਆ ਹੈ। ਲਿਖਣ ਦਾ ਢੰਗ ਨਾਨਕ ਵਾਲਾ ਹੈ, ਪਰ ਇਸ ਵਿਚ ਰੋਮਾਂਸ ਅਜੇ ਢਲੀ ਨਹੀਂ, ਪਣੀ ਜਵਾਨੀ ਦੇ ਸਿਖਰ ਤੇ ਹੈ। ਵਧੇਰੇ ਤਜਰਬੇ ਨਾਲ

ਵਾਸਤਵਿਕ ਹੁੰਦੀ ਜਾਏਗੀ, ਪਰ ਅਜੇ ਜਵਾਨੀ, ਖ਼ੂਬਸੂਰਤੀ ਤੇ ਪਿਆਰ ਦੇ ਰੰਗੀਲੇ ਪੰਧਾਂ ਦੀ ਸੈਰ ਕਰ ਰਹੀ ਹੈ। ਹੋਰ ਵੇਲਾ ਵੀ ਕਿਹੜਾ ਹੈ ਇਨ੍ਹਾਂ ਰਸੀਲੇ ਵਹਿਣਾਂ ਵਿਚ ਪੈਣ ਦਾ ?

ਇਹ ਨਾਵਲ ਸਵਾਦੀ ਹੈ, ਅਜੇ ਇਸ ਲਿਖਾਰੀ ਦੀ ਲਿਖਤ ਵਿਚ ਇਹੋ ਗੁਣ ਆਇਆ ਹੈ। ਆਉਣ ਵਾਲੇ ਨਾਵਲਾਂ ਵਿਚ ਹੋਰ ਗੁਣ ਭੀ ਆਉਣਗੇ। ਪਰ ਅਜੇ ਇਤਨਾ ਹੀ ਕਾਫ਼ੀ ਹੈ। ਪੜ੍ਹਨ ਵਾਲੇ ਭੀ ਤਾਂ ਅਜ ਕਲ ਇਹੋ ਕੁਝ ਚਾਹੁੰਦੇ ਹਨ।

ਖਾਲਸਾ ਕਾਲਜ
ਅੰਮ੍ਰਿਤਸਰ
੨੦ ਸਤੰਬਰ, ੧੯੪੩.

ਤੇਜਾ ਸਿੰਘ
ਪ੍ਰੋਫ਼ੈਸਰ



Pahwa

# ਭੂਮਕਾ

ਭਾਵੇਂ 'ਕੰਵਲ' ਰਸਾਲੇ ਦੇ ਪਾਠਕ ਮਹਿੰਦਰ ਸਿੰਘ ਕੰਵਰ ਦੀਆਂ ਕਹਾਣੀਆਂ ਦਾ ਸਵਾਦ ਬੜੇ ਚਿਰ ਤੋਂ ਲੈ ਰਹੇ ਹਨ, ਪਰ ਕੰਵਰ ਮਹਿੰਦਰ ਸਿੰਘ ਨਾਵਲਿਸਟ ਦੇ ਤੌਰ ਤੇ ਅਜ ਪਹਿਲੀ ਵਾਰ ਪੰਜਾਬੀ ਪਾਠਕਾਂ ਦੇ ਸਾਹਮਣੇ ਆ ਰਿਹਾ ਹੈ। ਇਸੇ ਲਈ ਇਹ ਲੋੜ ਹੈ ਕਿ ਉਸਦੀ ਜਾਣ ਪਛਾਣ ਪਾਠਕਾਂ ਨੂੰ ਕਰਾਈ ਜਾਏ ਤਾਂ ਜੋ ਉਹ ਕਿਤਾਬ ਦੇ ਪਿਛੇ ਲੁਕੀ ਰੂਹ ਨੂੰ ਚੰਗੀ ਤਰ੍ਹਾਂ ਵੇਖ ਕੇ ਨਾਵਲ ਦਾ ਸਵਾਦ ਮਾਣ ਸਕਣ, ਕਿਉਂਕਿ ਹਰ ਸੱਚੀ ਕ੍ਰਿਤ ਆਪਣੇ ਕਰਤੇ ਦੀ ਰੂਹ ਦਾ ਪ੍ਰਛਾਵਾਂ ਹੁੰਦੀ ਹੈ।

ਮੇਰੇ ਨਿੱਕੇ ਵੀਰ 'ਕੰਵਰ' ਨੇ ਇਹ ਸੇਵਾ ਮੇਰੇ ਜ਼ੁੰਮੇ ਲਾਈ ਹੈ, ਖਵਰੇ ਇਸ ਵਾਸਤੇ ਕਿ ਉਹ ਅਜ ਕਲ ਮੇਰੇ ਪਾਸ ਪੜ੍ਹ ਰਿਹਾ ਹੈ ਜਾਂ ਖਵਰੇ ਕਿਸੇ ਹੋਰ ਮਾਣ ਉਤੇ। ਇਸ ਦਾ ਵਧੇਰੇ ਪਤਾ ਉਸੇ ਨੂੰ ਹੋ ਸਕਦਾ ਹੈ। ਮੈਂ ਤਾਂ ਇਸ ਵੇਲੇ ਉਸ ਤੋਂ ਕੋਹਾਂ ਦੂਰ ਬੈਠਾ ਵੀਰ ਦੇ ਪਿਆਰੇ ਹੁਕਮ ਦੀ ਤਾਮੀਲ ਕਰ ਰਿਹਾ ਹਾਂ।

'ਕੰਵਰ' ਦੀ ਸਭ ਤੋਂ ਵੱਡੀ ਜਾਣ-ਪਛਾਣ ਤਾਂ ਇਹੀ ਹੈ ਕਿ ਉਹ ਇਕ ਰਵਾਨ ਤੇ ਸੁਭਾਵਕ ਲੇਖਕ ਹੈ, ਅਤੇ ਇਸ ਦਾ ਡੂੰਘਾ ਕਾਰਨ ਉਸਦੇ ਖ਼ੂਨ ਵਿਚ ਹੈ। ਉਹ ਇਹ ਕਿ ਉਸ ਨੇ ਲਿਖਣ ਦੀ ਚੇਟਕ ਆਪਣੇ ਸ੍ਵਰਗ ਵਾਸੀ ਪਿਤਾ ਸ: ਬ੍ਰਿਜਇੰਦਰ ਸਿੰਘ ਜੀ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.